# ਲਘੂ ਫਿਲਮ ਮੁਕਾਬਲਾ, 2024

ਸੋਚ ਸੰਸਥਾ (Society for Conservation and Healing of Environment) ਵਲੋਂ ਵਾਤਾਵਰਣ ਦੇ ਵਿਸ਼ੇ ‘ਤੇ ਲਘੂ ਫਿਲਮ ਮੁਕਾਬਲਾ, 2024 ਕਰਵਾਇਆ ਜਾ ਰਿਹਾ ਹੈ। ਇਸ ਮਕਾਬਲੇ ਰਾਹੀਂ ਵਾਤਾਵਰਣ ਦੀ ਸਾਂਭ-ਸੰਭਾਲ ਸਬੰਧੀ ਚੇਤਨਾ ਜਗਾਉਣ ਲਈ ਜਾਂ ਵਾਤਾਵਰਣ ਸਬੰਧੀ ਭਖਦੇ ਮਸਲਿਆਂ ਨੂੰ ਉਜਾਗਰ ਕਰਨ ਲਈ ਲਘੂ ਫਿਲਮਾਂ ਰਾਹੀਂ ਕੀਤੇ ਗਏ ਉਪਰਾਲਿਆਂ ਨੂੰ ਮਾਨਤਾ ਅਤੇ ਇਨਾਮ ਦਿੱਤੇ ਜਾਣਗੇ।

ਇਸ ਮੁਕਾਬਲੇ ਵਿਚ ਹਿੱਸਾ ਲੈਣ ਲਈ ਲਘੂ ਫਿਲਮ ਭੇਜ ਰਹੇ, ਪ੍ਰਤੀਯੋਗੀ ਬਾਰੇ ਇਹ ਮੰਨਿਆ ਜਾਵੇਗਾ ਕਿ ਉਸਨੇ ਮੁਕਾਬਲੇ ਲਈ ਨੀਯਤ ਫਾਰਮ ਨਾਲ ਦਿੱਤੇ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹ/ਸੁਣ ਕੇ ਸਮਝ ਲਿਆ ਹੈ ਅਤੇ ਪ੍ਰਤੀਯੋਗੀ ਇਹਨਾਂ ਨਿਯਮਾਂ ਅਤੇ ਸ਼ਰਤਾਂ ਦਾ ਪਾਬੰਦ ਰਹਿਣ ਲਈ ਵਚਨਬੱਧ ਹੈ।ਇਹਨਾਂ ਨਿਯਮਾਂ ਅਤੇ ਸ਼ਰਤਾਂ ਦਾ ਸੰਖੇਪ ਰੂਪ ਹੇਠ ਅਨੁਸਾਰ ਹੈ:-

ਨਿਯਮ ਅਤੇ ਸ਼ਰਤਾਂ-

1. ਇਸ ਮੁਕਾਬਲੇ ਵਿਚ ਸਿਰਫ ਭਾਰਤ ਦੇ ਨਾਗਰਿਕ ਹਿੱਸਾ ਲੈ ਸਕਦੇ ਹਨ।
2. ਇਸ ਮੁਕਾਬਲੇ ਲਈ ਪ੍ਰਤੀਯੋਗੀ ਇੱਕ ਤੋਂ ਵੱਧ ਲਘੂ ਫਿਲਮਾਂ ਭੇਜ ਸਕਦਾ ਹੈ, ਪ੍ਰੰਤੂ ਹਰ ਫਿਲਮ ਅਲੱਗ ਐਂਟਰੀ ਦੇ ਰੂਪ ਵਿਚ ਭੇਜਣਾ ਲਾਜ਼ਮੀ ਹੈ।
3. ਇਸ ਮੁਕਾਬਲੇ ਲਈ ਕੋਈ ਐਂਟਰੀ ਫੀਸ ਨਹੀ ਹੈ ਅਤੇ ਐਂਟਰੀ ਪ੍ਰਾਪਤ ਕਰਨ ਦਾ ਆਖਰੀ ਸਮਾਂ 15 ਜਨਵਰੀ 2024 ਸ਼ਾਮ 5:00 ਵਜੇ ਤੱਕ ਹੈ।
4. ਐਂਟਰੀਆਂ ਡਾਉਨਲੋਡ ਕਰਨ ਲਈ ਲਿੰਕ ਦੇ ਰੂਪ ਵਿੱਚ ਈਮੇਲ ਰਾਹੀਂ sochngo.contest@gmail.com ‘ਤੇ ਭੇਜੀਆਂ ਜਾਣ। ਉਹੀ ਐਟਰੀਆਂ ਪ੍ਰਵਾਨ ਕੀਤੀਆਂ ਜਾਣਗੀਆਂ ਜਿਨ੍ਹਾਂ ਨਾਲ ਮੁਕੱਮਲ ਕੀਤੇ ਐਂਟਰੀ ਫਾਰਮ ਅਤੇ ਸਰਕਾਰ ਵਲੋਂ ਜਾਰੀ ਪਛਾਣ ਪੱਤਰ (ਅਧਾਰ ਕਾਰਡ, ਪੈਨ ਕਾਰਡ, ਵੋਟਰ ਕਾਰਡ, ਲਾਈਸੈਂਸ ਆਦਿ) ਦੀ ਸਵੈ-ਤਸਦੀਕਸ਼ੁਦਾ ਸਕੈਨਡ ਕਾਪੀ ਨੱਥੀ ਹੋਵੇਗੀ।
5. ਲਘੂ ਫਿਲਮ ਦਾ ਸਮਾਂ 3 ਮਿੰਟ ਜਾਂ ਉਸ ਤੋਂ ਘੱਟ ਅਤੇ ਭਾਸ਼ਾ ਪੰਜਾਬੀ ਜਾਂ ਅੰਗ੍ਰੇਜ਼ੀ ਅਤੇ ਵਿਸ਼ਾ ਪੰਜਾਬ ਦੇ ਵਾਤਾਵਰਣ ਸਬੰਧੀ ਹੋਣਾ ਚਾਹੀਦਾ ਹੈ।ਵਿਸ਼ਾ ਪੰਜਾਬ ਦੇ ਵਾਤਾਵਰਣ ਦੇ ਕਿਸੇ ਪੱਖ ਨੂੰ ਉਜਾਗਰ ਕਰਦਾ, ਕਿਸੇ ਸਮੱਸਿਆ ਵੱਲ ਧਿਆਨ ਦਵਾਉਂਦਾ, ਜਾਂ ਕਿਸੇ ਵਿਅਕਤੀ/ਸੰਸਥਾਂ ਵਲੋਂ ਕੀਤੇ ਗਏ ਸਾਂਭ-ਸੰਭਾਲ ਦੇ ਸਫਲ ਕੰਮ ਦਾ ਚਿੱਤਰਣ ਹੋ ਸਕਦਾ ਹੈ।
6. ਲਘੂ ਫਿਲਮ 1 ਜਨਵਰੀ 2020 ਤੋਂ ਬਾਅਦ ਬਣੀ ਹੋਵੇ ਅਤੇ ਇਸ ਦਾ ਵਿਸ਼ਾ ਵਸਤੂ, ਪੇਸ਼ਕਾਰੀ ਆਦਿ ਹਰ ਉਮਰ ਦੇ ਵਿਅਕਤੀ ਲਈ ਦੇਖਣਯੋਗ ਹੋਵੇ।
7. ਲਘੂ ਫਿਲਮ ਕਲਪਿਤ ਕਹਾਣੀ ਨਹੀ ਹੋਣੀ ਚਾਹੀਦੀ ਅਤੇ ਫਿਲਮ ਦਾ ਲਿਖਤੀ ਵਿਸ਼ਾ ਅਤੇ ਸਾਰ-ਸੰਖੇਪ ਵਿੱਚ ਨੱਥੀ ਕੀਤਾ ਜਾਵੇ। ਫਿਲਮ ਬਨਾਉਣ ਲਈ ਕਿਸੇ ਜੀਵ-ਜੰਤੂ ਨੂੰ ਬੰਦੀ ਬਣਾਇਆ/ ਤੰਗ ਕੀਤਾ/ ਮਾਰਿਆ ਨਾ ਗਿਆ ਹੋਵੇ।
8. ਲਘੂ ਫਿਲਮ ਕਿਸੇ ਵੀ ਕੈਮਰੇ ‘ਤੇ ਬਣਾਈ ਹੋ ਸਕਦੀ ਹੈ ਲੇਕਿਨ HD Format (MP4) ਵਿਚ ਹੋਣਾ ਲਾਜ਼ਮੀ ਹੈ।
9. ਲਘੂ ਫਿਲਮ ਐਂਟਰੀ ਭੇਜਣ ਵਾਲੇ ਦੀ ਆਪਣੀ ਅਸਲ ਕਲਾਕ੍ਰਿਤੀ ਹੋਣੀ ਚਾਹੀਦੀ ਹੈ ਅਤੇ Indian Copyright Act, 1957 ਜਾਂ ਹੋਰ ਕਿਸੇ ਵੀ ਸਬੰਧਿਤ ਕਾਨੂੰਨ ਦੀ ਉਲੰਘਣਾ ਨਾ ਕਰਦੀ ਹੋਵੇ।
10. ਭੇਜੀਆਂ ਗਈਆਂ ਸਾਰੀਆਂ ਐਟਰੀਆਂ ਸੋਚ ਸੰਸਥਾ ਦੀ ਮਲਕੀਅਤ ਹੋਣਗੀਆਂ ਅਤੇ ਸੰਸਥਾ ਨੂੰ ਇਹਨਾ ਦੀ ਵਰਤੋਂ ਕਿਸੇ ਵੀ ਗੈਰ-ਵਪਾਰਕ ਮੰਤਵ ਲਈ ਕਰਨ ਦਾ ਪੂਰਨ ਅਧਿਕਾਰ ਹੋਵੇਗਾ। ਇਸ ਸਬੰਧੀ ਪ੍ਰਤੀਯੋਗੀ ਨੂੰ ਕਿਸੇ ਵੀ ਤਰਾਂ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।
11. ਫਿਲਮ ਦੀ ਮਾਲਕੀ ਸਬੰਧੀ ਕਿਸੇ ਵੀ ਝਗੜੇ ਦੀ ਪੂਰੀ ਜ਼ਿਮੇਵਾਰੀ ਪ੍ਰਤੀਯੋਗੀ ਦੀ ਹੋਵੇਗੀ ਅਤੇ ਸੋਚ ਸੰਸਥਾ ਅਜਿਹੇ ਕਿਸੇ ਮਸਲੇ ਵਿੱਚ ਜਵਾਬਦੇਹ/ਪ੍ਰਤੀਭਾਗੀ ਨਹੀਂ ਹੋਵੇਗੀ।
12. ਇਨਾਮਾਂ ਸਬੰਧੀ ਸੰਸਥਾ ਵਲੋਂ ਨਾਮਜ਼ਦ ਜੱਜਾਂ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਇਸ ਸਬੰਧੀ ਕੋਈ ਵੀ ਪੱਤਰ-ਵਿਹਾਰ/ ਅਪੀਲ ਨਹੀ ਵਿਚਾਰੀ ਜਾਵੇਗੀ।
13. ਇਨਾਮਾਂ ਦਾ ਫੈਸਲਾ ਲਘੂ ਫਿਲਮ ਦੇ ਵਿਸ਼ੇ, ਪੇਸ਼ਕਾਰੀ, ਸਾਰਥਕਤਾ ਅਤੇ ਤਕਨੀਕ ਦੇ ਅਧਾਰ ‘ਤੇ ਕੀਤਾ ਜਾਵੇਗਾ।
14. ਇਨਾਮ ਰਾਸ਼ੀ ‘ਤੇ ਕਿਸੇ ਵੀ ਤਰਾਂ ਦੇ ਟੈਕਸ ਦੀ ਅਦਾਇਗੀ ਕਰਨ ਦੀ ਜ਼ਿਮੇਵਾਰੀ ਜੇਤੂ ਪ੍ਰਤੀਯੋਗੀ ਦੀ ਹੋਵੇਗੀ।

## Application form for SOCH's Short Film Competition, 2024

## (Entries to be made in capital letters)

| | | |
|---|---|---|
| Name of Applicant | | |
| Father's / Mother's Name | | |
| Nationality | | |
| Proof of Identity of the applicant. Please tick mark as applicable & attach self-attested photocopy. | | Aadhar Card/ Voter ID/ PAN Card/ Driving Licence, other valid proof of identity issued by a Govt. Authority. |
| Postal address with telephone/ Mobile number and email address. | | |
| Occupation | | |
| Title of the Short film | | |
| Theme and Synopsis of short film (Please attach a separate sheet) | | |
| Duration of the Short Film | | |
| Language of the Short Film | | |

**Undertaking**

I________________________________, son/daughter of_________________________, resident of _________________________________________________________________________________, hereby declare that as the 'Applicant', I have the right to send the film, as per details given above, for competing in the SOCH's short film competition2024. I have read all the terms and conditions of the Competition and agree with them and give the SOCH the right to use the film for any purpose it deems fit including uploading on its website/social media. In case of any dispute, the onus will be on me only and not the SOCH to deal with the issue at my end.

Signature of the applicant_________________________

Name of the applicant_____________________________